# ਡਾਕਟਰ ਸਟੀਫ਼ਨ ਨਾਲ ਮਹਿਫ਼ਲ ਵੀਕਲੀ ਵੱਲੋਂ ਕੁਝ ਸਵਾਲ-ਜਵਾਬ

ਕੁਝ ਹੀ ਲੋਕ ਅਜਿਹੀ ਸਥਿਤੀ ਵਿੱਚ ਹੋਣਗੇ ਜਿਸ ਵਿੱਚ ਡਾਕਟਰ ਸਟੀਫ਼ਨਜ਼ ਕਈ ਸਾਲਾਂ ਤੋਂ ਫਸੇ ਹੋਏ ਹੋਣ। ਅਸੀਂ ਡਾਕਟਰ ਸਟੀਫ਼ਨਜ਼, ਜੋ ਕਿ ਬਲੇਨ ਵਾਸ਼ਿੰਗਟਨ ਵਿੱਚ ਇੱਕ ਵਿਵਾਦਗ੍ਰਸਤ ਕੋਆਲਾ ਲੈਬਜ਼ ਅਲਟਰਾਸਾਊਂਡ ਕਲਿਨਿਕ ਚਲਾਉਂਦਾ ਹੈ, ਨੂੰ ਭਾਰਤੀ ਕਮਿਊਨਿਟੀ ਵਿੱਚ ਉਨ੍ਹਾਂ ਦੀ ਵਿਵਾਦਗ੍ਰਸਤ ਸ਼ਖ਼ਸੀਅਤ ਤੇ ਸੇਵਾਵਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਦੇ ਜਵਾਬ ਕੁਝ ਇਸ ਤਰ੍ਹਾਂ ਸਨ:

ਮਹਿਫ਼ਲ ਵੀਕਲੀ: ਆਪਣੀਆਂ ਸੇਵਾਵਾਂ ਬਾਰੇ ਕੁਝ ਜਾਣਕਾਰੀ ਦਿਓ
ਸਟੀਫ਼ਨਜ਼: ਮੇਰੇ ਬਲੇਨ ਦਫ਼ਤਰ ਵਿੱਚੋਂ ਉਨ੍ਹਾਂ ਲੋਕਾਂ ਨੂੰ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਜੋ ਇਹ ਜਾਨਣਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਹੋਣ ਵਾਲਾ ਬੱਚਾ - ਮੁੰਡਾ ਜਾਂ ਕੁੜੀ - ਸਿਹਤਮੰਦ ਹਨ ਜਾਂ ਨਹੀਂ। ਤੇ ਮੈਂ ਇਹ ਜਾਣਕਾਰੀ ਗਰਭਵਤੀ ਔਰਤਾਂ ਨੂੰ ਬਹੁਤ ਪਹਿਲਾਂ ਦੇ ਸਕਣ ਦੇ ਕਾਬਿਲ ਹਾਂ। ਮੈਂ 12 ਹਫ਼ਤਿਆਂ ਵਿੱਚ ਹੀ ਔਰਤਾਂ ਨੂੰ ਦੱਸ ਸਕਦਾ ਹਾਂ ਕਿ ਉਨ੍ਹਾਂ ਦਾ ਹੋਣ ਵਾਲਾ ਬੱਚਾ ਮੁੰਡਾ ਹੈ ਜਾਂ ਕੁੜੀ ਤੇ ਉਹ ਸਿਹਤਮੰਦ ਹੈ ਜਾਂ ਨਹੀਂ। ਇਸ ਜਾਣਕਾਰੀ ਨਾਲ ਉਹ ਜਿੱਥੇ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਦੀ ਸਿਹਤ ਬਾਰੇ ਜਾਣ ਸਕਦੇ ਹਨ, ਉੱਥੇ ਉਹ ਗਰਭਪਾਤ ਦੇ ਖ਼ਤਰੇ ਤੋਂ ਵੀ ਬਚ ਸਕਦੇ ਹਨ। ਮੇਰੇ ਵੱਲੋਂ ਕੀਤਾ ਗਿਆ ਅਲਟਰਾਸਾਊਂਡ ਜਿੱਥੇ ਉਨ੍ਹਾਂ ਨੂੰ ਉਨ੍ਹਾਂ ਦੇ ਬੱਚੇ ਦੇ ਲਿੰਗ ਬਾਰੇ ਸਹੀ ਜਾਣਕਾਰੀ ਦਿੰਦਾ ਹੈ ਉੱਥੇ ਉਨ੍ਹਾਂ ਨੂੰ ਇਹ ਵੀ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਬੱਚੇ ਦੀ ਸਿਹਤ ਠੀਕ ਹੈ ਜਾਂ ਨਹੀਂ।

ਮਹਿਫ਼ਲ ਵੀਕਲੀ: ਸੋ ਤੁਹਾਡੀਆਂ ਸੇਵਾਵਾਂ ਕੇਵਲ ਪ੍ਰੈਗਨੈਂਸੀ ਦੀਆਂ ਮੁਸ਼ਕਿਲਾਂ ਬਾਰੇ ਹੀ ਨਹੀਂ ਦੱਸਦੀਆਂ ਉਹ ਕੁਝ ਹੋਰ ਵੀ ਦੱਸਦੀਆਂ ਹਨ, ਨਹੀਂ ਤਾਂ ਬਾਰਡਰ ਪਾਰ ਤੋਂ ਲੋਕ ਤੁਹਾਡੇ ਤੋਂ ਸੇਵਾਵਾਂ ਲੈਣ ਲਈ ਕਿਉਂ ਆਉਂਦੇ?
ਸਟੀਫ਼ਨਜ਼: ਕਈ ਵਾਰ ਔਰਤਾਂ ਕੇਵਲ ਇਸ ਲਈ ਸੋਨੋਗ੍ਰਾਮ ਕਰਾਉਣ ਆਉਂਦੀਆਂ ਹਨ ਕਿ ਉਨ੍ਹਾਂ ਨੂੰ ਇਹ ਸੇਵਾਵਾਂ ਕੈਨੇਡੀਅਨ ਡਾਕਟਰੀ ਢਾਂਚੇ ਵਿੱਚ ਢੁੱਕਵੀਆਂ ਨਹੀਂ ਮਿਲਦੀਆਂ। ਉਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਹਨ, ਪਰ ਕਿਉਂਕਿ ਕਈ ਵਾਰ ਉਨ੍ਹਾਂ ਦੇ ਡਾਕਟਰ ਉਨ੍ਹਾਂ ਨੂੰ ਸਹੀ ਮਸ਼ਵਰਾ ਨਹੀਂ ਦੇਂਦੇ। ਕਈ ਹੋਰ ਕੇਸਾਂ ਵਿੱਚ ਉਨ੍ਹਾਂ ਦੇ ਡਾਕਟਰ ਕੇਵਲ ਇਹ ਕਹਿ ਕੇ ਕਿਨਾਰਾ ਕਰ ਲੈਂਦੇ ਹਨ, "ਮੈਨੂੰ ਨਹੀਂ ਲੱਗਦਾ ਕਿ ਤੁਹਾਨੂੰ ਇਸ ਜਾਣਕਾਰੀ ਦੀ ਲੋੜ ਹੈ।" ਪਰ ਮਰੀਜ਼ ਦੀ ਕੋਈ ਸੁਣਵਾਈ ਨਹੀਂ ਹੁੰਦੀ। ਅਮਰੀਕਾ ਵਿੱਚ ਸਾਡੇ ਕੋਲ ਮਰੀਜ਼ਾਂ ਨੂੰ ਉਨ੍ਹਾਂ ਦੀ ਦਾਕਟਰੀ ਜਾਂਚ ਦੇ ਨਤੀਜੇ ਦੇਣ ਲਈ ਵੱਖਰੇ ਅਧਿਕਾਰਖੇਤਰ ਹਨ ਜੋ ਸ਼ਾਇਦ ਕੈਨੇਡਾ ਵਿੱਚ ਨਹੀਂ ਹਨ।"

ਮਹਿਫ਼ਲ ਵੀਕਲੀ: ਕੀ ਤੁਸੀਂ ਸਮਝਦੇ ਜਾਂ ਜਾਣਦੇ ਹੋ ਕਿ ਲੋਕ ਤੁਹਾਡੀਆਂ ਸੇਵਾਵਾਂ ਦਾ ਗ਼ਲਤ ਇਸਤੇਮਾਲ ਕਰ ਰਹੇ ਹਨ?
ਸਟੀਫ਼ਨਜ਼: ਇੱਥੇ ਹੀ ਤੁਸੀਂ ਆਪਣੇ ਸਵਾਲ ਨੂੰ ਗ਼ਲਤ ਤਰੀਕੇ ਨਾਲ ਆਲੰਕ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਮੇਰੀਆਂ ਸੇਵਾਵਾਂ ਇੱਕ ਡਾਕਟਰ ਦੇ ਤੌਰ 'ਤੇ ਜਾਇਜ਼ ਸਮਝੀਆਂ ਜਾਂਦੀਆਂ ਹਨ, ਕਾਨੂੰਨੀ ਹਨ ਤੇ ਸਹੀ

ਹਨ ਅਤੇ ਮਰੀਜ਼ਾਂ ਕੋਲ ਜਾਨਣ ਦਾ ਅਧਿਕਾਰ ਹੈ ਤਾਂ ਫ਼ਿਰ ਮੈਂ ਗ਼ਲਤ ਕਿਵੇਂ ਹੋਇਆ? ਤੇ ਇੱਕ ਡਾਕਟਰ ਹੋਣ ਦੇ ਨਾਤੇ ਜੇ ਮੈਂ ਆਪਣੇ ਮਰੀਜ਼ਾਂ ਨੂੰ ਸਹੀ ਸੇਵਾਵਾਂ ਪ੍ਰਦਾਨ ਨਾ ਕਰਾਂ ਤਾਂ ਕੀ ਇਹ ਗ਼ਲਤ ਨਹੀਂ ਹੋਵੇਗਾ? ਜੇ ਮੈਂ ਇਹ ਕਹਿੰਦਾ ਹਾਂ ਕਿ ਮੇਰਾ ਆਪਣੇ ਮਰੀਜ਼ਾਂ ਨੂੰ ਸਹੀ ਸਲਾਹ ਨਾ ਦੇਣਾ ਗ਼ਲਤ ਹੈ ਤਾਂ ਮੈਂ ਅਮੈਰੀਕਨ ਐਂਡ ਕੈਨੇਡੀਅਨ ਕਾਲੇਜ ਔਫ਼ ਓਬਸਟ੍ਰੇਟੀਸ਼ੀਅਨਜ਼ ਐਂਡ ਗਾਇਨਾਕੋਲੋਜਿਸਟ ਦੀ ਅਚਾਰ ਸੰਹਿਤਾ ਨੂੰ ਗ਼ਲਤ ਸਾਬਿਤ ਕਰ ਰਿਹਾ ਹਾਂ। ਉਨ੍ਹਾਂ ਨੇ ਆਪਣੀ ਅਚਾਰ ਸੰਹਿਤਾ ਵਿੱਚ ਬਿਲਕੁਲ ਸਪਸ਼ਟ ਕੀਤਾ ਹੈ ਕਿ ਇੱਕ ਮਰੀਜ਼ ਪ੍ਰਤੀ ਉਸ ਦੇ ਡਾਕਟਰ ਦੀ ਇਖ਼ਲਾਕੀ ਜ਼ਿਮੇਵਾਰੀ ਕੀ ਹੈ। ਜਦੋਂ ਮੇਰੇ ਕੋਲ ਕੋਈ ਮਰੀਜ਼ ਆ ਕੇ ਇਹ ਕਹਿੰਦਾ ਹੈ, "ਡਾਕਟਰ, ਮੇਰੀ ਮਦਦ ਕਰ। ਮੈਂ ਇਹ ਬੱਚਾ ਨਹੀਂ ਚਾਹੁੰਦੀ," ਤਾਂ ਉਸ ਵੇਲੇ ਮੇਰਾ ਰੋਲ ਇੱਕ ਸਲਾਹਕਾਰ ਦਾ ਬਣ ਜਾਂਦਾ ਹੈ। ਉਸ ਵੇਲੇ ਤੁਸੀਂ ਆਪਣੀ ਨਿਜੀ ਰਾਏ ਨਹੀਂ ਦੇ ਸਕਦੇ। ਮੈਂ ਬੱਚੇ ਦੇ ਲਿੰਗ ਦੀ ਚੋਣ ਦੇ ਹੱਕ ਵਿੱਚ ਨਹੀਂ, ਪਰ ਆਪਣੇ ਮਰੀਜ਼ ਦੀ ਮਰਜ਼ੀ ਤੇ ਉਸ ਦੇ ਅਧਿਕਾਰਾਂ ਦੇ ਹੱਕ ਵਿੱਚ ਹਾਂ।

ਮਹਿਫ਼ਲ ਵੀਕਲੀ: ਫ਼ਿਰ ਤੁਸੀਂ ਸਿਰਫ਼ ਭਾਰਤੀ ਮੀਡੀਆ ਵਿੱਚ ਹੀ ਆਪਣਾ ਇਸ਼ਤਿਹਾਰ ਕਿਉਂ ਦਿੰਦੇ ਹੋ?
ਸਟੀਫ਼ਨਜ਼: ਪਹਿਲੀ ਤਾਂ ਗੱਲ ਇਹ ਹੈ ਕਿ ਮੈਂ ਕੇਵਲ ਭਾਰਤੀ ਮੀਡੀਆ ਵਿੱਚ ਹੀ ਇਸ਼ਤਿਹਾਰਬਾਜ਼ੀ ਨਹੀਂ ਕਰਦਾ। ਮੈਂ ਕਿਸੇ ਵੀ ਸਭਿਆਚਾਰ ਨੂੰ ਨਿਸ਼ਾਨਾ ਨਹੀਂ ਬਣਾਉਂਦਾ। ਕਿਸੇ 'ਸਭਿਆਚਾਰ ਨੂੰ ਨਿਸ਼ਾਨਾ' ਬਣਾਉਣ ਦੀ ਸ਼ਬਦਾਵਲੀ ਮੀਡੀਆ ਨੇ ਹੀ ਸਿਰਜੀ ਹੈ। ਮੇਰੇ ਅਨੁਸਾਰ, ਜੋ ਮੈਂ ਕਰਦਾ ਹਾਂ ਤੇ ਕਹਿੰਦਾ ਹਾਂ ਉਸ ਬਾਰੇ ਨੁਕਤਾਚੀਨੀ ਕਰ ਕੇ ਮੀਡੀਆ ਨੱਸਲੀ ਵਿਤਕਰਾ ਕਰ ਰਿਹਾ ਹੈ। ਜੋ ਮੈਂ ਕਰਦਾ ਹਾਂ ਉਹ ਵਪਾਰ ਹੈ ਤੇ ਇੱਕ ਚੰਗਾ ਵਪਾਰੀ ਹੀ ਇੱਕ ਚੰਗਾ ਡਾਕਟਰ ਜਾਂ ਸਲਾਹਕਾਰ ਹੋ ਸਕਦਾ ਹੈ। ਜਿਹੜੇ ਲੋਕਾਂ ਦੀ ਮੇਰੀਆਂ ਸੇਵਾਵਾਂ ਵਿੱਚ ਦਿਲਚਸਪੀ ਹੈ ਉਨ੍ਹਾਂ ਨੂੰ ਪਤੈ ਕਿ ਮੈਂ ਕੀ ਕਰਦਾ ਹਾਂ ਤੇ ਕਿਹੋ ਜਿਹੀਆਂ ਸੇਵਾਵਾਂ ਦਿੰਦਾ ਹਾਂ। ਤੇ ਉਹ ਉਨ੍ਹਾਂ ਸੇਵਾਵਾਂ ਦੀ ਪੜਚੋਲ ਕਰਨਾ ਵੀ ਭਲੀ ਪ੍ਰਕਾਰ ਜਾਣਦੇ ਹਨ।

ਮਹਿਫ਼ਲ ਵੀਕਲੀ: ਤੁਹਾਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਸੋਚਿਆ ਇਹ ਜਾਂਦਾ ਹੈ ਕਿ ਭਾਰਤੀ ਭਾਈਚਾਰਾ ਤੁਹਾਡੀਆਂ ਸੇਵਾਵਾਂ ਦਾ ਇਸਤੇਮਾਲ ਇਸ ਲਈ ਕਰਦਾ ਹੈ ਕਿ ਉਨ੍ਹਾਂ ਵਿੱਚ ਮੁੰਡਿਆਂ ਨੂੰ ਕੁੜੀਆਂ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ?
ਸਟੀਫ਼ਨਜ਼: ਮੈਂ ਕਿਸੇ ਇੱਕ ਖ਼ਾਸ ਸਭਿਆਚਾਰ ਦੀ ਸੇਵਾ ਵਿੱਚ ਨਹੀਂ ਹਾਂ। ਮੈਂ ਇੱਕ ਡਾਕਟਰ ਹਾਂ। ਮੈਂ ਲੋਕਾਂ ਦੀ ਸੇਵਾ ਵਿੱਚ ਹਾਂ। ਹਰ ਮਰੀਜ਼ ਨਾਲ ਮੇਰਾ ਨਜ਼ਦੀਕੀ ਰਿਸ਼ਤਾ ਹੈ। ਮੈਂ ਸੋਨੋਗ੍ਰਾਮ ਰਾਹੀਂ ਲੋਕਾਂ ਨੂੰ ਉਨ੍ਹਾਂ ਦੀ ਔਲਾਦ ਦੀ ਸਿਹਤ ਬਾਰੇ ਦੱਸਦਾ ਹਾਂ। ਮੈਂ ਅਲਟਰਾਸਾਊਂਡ ਕਰਦਾ ਹਾਂ। ਮੈਨੂੰ ਹੋਰ ਕੋਈ ਲਾਲਚ ਨਹੀਂ। ਜੇ ਤੁਸੀਂ ਇਹ ਕਹੋ ਕਿ ਕੋਈ ਇੱਕ ਭਾਈਚਾਰਾ ਇੱਕ ਖ਼ਾਸ ਸੇਵਾ ਚਾਹੁੰਦਾ ਹੈ ਤਾਂ ਮੇਰੇ ਹਿਸਾਬ ਨਾਲ ਇਹ ਇੱਕ ਸਿਆਸੀ ਬਿਆਨ ਹੈ। ਮੇਰਾ ਆਪਣੇ ਮਰੀਜ਼ਾਂ ਨਾਲ ਉਂਨਾਂ ਹੀ ਤਾਅਲੁਕ ਹੈ ਜਿੰਨਾ ਇੱਕ ਡਾਕਟਰ ਦਾ ਹੋਣਾ ਚਾਹੀਦਾ ਹੈ। ਮੈਂ ਕਿਸੇ ਮਜ਼ੵਹਬ ਜਾਂ ਨਸਲ ਨਾਲ ਵਿਤਕਰਾ ਨਹੀਂ ਕਰਦਾ। ਇਹ ਕਹਿਣਾ ਜਾਇਜ਼ ਨਹੀਂ ਹੋਵੇਗਾ ਕਿ ਭਾਰਤੀ ਭਾਈਚਾਰਾ ਮੁੰਡਿਆਂ ਨੂੰ ਕੁੜੀਆਂ ਤੋਂ ਵੱਧ ਚਾਹੁੰਦਾ ਹੈ। ਮੇਰੇ ਕੋਲ ਲੋਕ ਇਹ ਜਾਨਣ

ਆਉਂਦੇ ਹਨ ਕਿ ਉਨ੍ਹਾਂ ਦਾ ਹੋਣ ਵਾਲ ਬੱਚਾ ਸਿਹਤਮੰਦ ਹੈ ਜਾਂ ਨਹੀਂ। ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਭਾਰਤੀ ਭਾਈਚਾਰਾ ਮੁੰਡਿਆਂ ਨੂੰ ਕੁੜੀਆਂ ਤੋਂ ਵੱਧ ਤਰਜੀਹ ਦਿੰਦਾ ਹੈ। ਇਹ ਕਹਿਣਾ ਭਾਰਤੀ ਜੋੜਿਆਂ ਜਾਂ ਔਰਤਾਂ ਦੀ ਤੌਹੀਨ ਹੈ... ਇਹ ਉਨ੍ਹਾਂ ਵਿਅਕਤੀਆਂ ਦੀ ਤੌਹੀਨ ਹੈ ਜੋ ਮੇਰੇ ਕੋਲ ਆਉਂਦੇ ਹਨ।

ਮਹਿਫ਼ਲ ਵੀਕਲੀ: ਲੋਕ ਇਹ ਸੋਚਦੇ ਹਨ ਕਿ ਜਿਹੜੇ ਭਾਰਤੀ ਤੁਹਾਡੇ ਕੋਲ ਆਓਂਦੇ ਹਨ ਜਦੋਂ ਉਨ੍ਹਾਂ ਨੂੰ ਇਹ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਹੋਣ ਵਾਲਾ ਬੱਚ ਇੱਕ ਕੁੜੀ ਹੈ ਤਾਂ ਉਹ ਗਰਭਪਾਤ ਕਰਵਾ ਲੈਂਦੇ ਹਨ। ਇਸ ਬਾਰੇ ਤੁਸੀਂ ਕੀ ਕਹੋਗੇ?

ਸਟੀਫ਼ਨਜ਼: ਚਲੋ ਤੁਹਾਨੂੰ ਮੈਂ ਇੱਕ ਉਦਾਹਰਣ ਦਿੰਦਾ ਹਾਂ: ਜੇ ਤੁਸੀਂ ਤਿੰਨ ਬੱਚੇ ਚਾਹੁੰਦੇ ਹੋ ਤਾਂ ਤੁਹਾਡੇ ਕੋਲ ਇਹ ਫ਼ੈਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਆਧੁਨਿਕ ਤਕਨੀਕ ਤੁਹਾਡੀ ਇਸ ਚੋਣ ਵਿੱਚ ਕਿਵੇਂ ਮਦਦ ਕਰ ਸਕਦੀ ਹੈ। ਪਰਿਵਾਰ, ਸਮਾਜ, ਅਤੇ ਆਰਥਿਕਤਾ ਇਸ ਫ਼ੈਸਲੇ ਵਿੱਚ ਆਪਣਾ ਇੱਕ ਰੋਲ ਅਦਾ ਕਰ ਸਕਦੇ ਹਨ। ਮੈਕਸੀਕਨ ਪਰਿਵਾਰਾਂ ਵਿੱਚ ਲੋਕ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਦਾ ਸੈਕਸ ਦਾ ਪਤਾ ਕਰਨ ਲਈ ਮੇਰੀਆਂ ਸੇਵਾਵਾਂ ਲੈਣ ਨਹੀਂ ਆਉਂਦੇ। ਉਹ ਇਹ ਜਾਨਣਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਕਿਤੇ ਦਿਮਾਗ ਤੋਂ ਹੱਲਕਾ ਤਾਂ ਨਹੀਂ। ਉਹ ਬੱਚਾ ਗਿਰਾਉਣਾ ਨਹੀਂ ਚਾਹੁੰਦੇ, ਕੇਵਲ ਉਸ ਦੀ ਸਿਹਤ ਬਾਰੇ ਜਾਨਣਾ ਚਾਹੁੰਦੇ ਹਨ। ਹਾਂ ਅੱਜ, ਸਾਡੇ ਕੋਲ ਪੱਛਮੀ ਮੁਲਕਾਂ ਵਿੱਚ ਇਹ ਤਕਨੀਕੀ ਕਾਬਲੀਅਤ ਹੈ ਕਿ ਅਸੀਂ ਹੋਣ ਵਾਲੇ ਮਾਂ-ਬਾਪ ਨੂੰ ਉਨ੍ਹਾਂ ਦੀ ਸੰਤਾਨ ਦੀ ਸਿਹਤ ਬਾਰੇ ਸਹੀ ਜਾਣਕਾਰੀ ਦੇ ਸਕਦੇ ਹਾਂ। ਫ਼ਿਰ ਇਹ ਉਨ੍ਹਾਂ ਦੀ ਮਰਜ਼ੀ ਹੈ ਕਿ ਉਹ ਬੱਚਾ ਚਾਹੁੰਦੇ ਹਨ ਜਾਂ ਨਹੀਂ। ਇੱਥੇ ਸਭਿਆਚਾਰਾਂ ਦਾ ਕੋਈ ਰੌਲਾ ਨਹੀਂ। ਮੈਂ ਇਸ ਧਰਤੀ ’ਤੇ ਵੱਸਦੇ ਸਾਰੇ ਸਭਿਆਚਾਰਾਂ ਬਾਰੇ ਤਾਂ ਗੱਲ ਨਹੀਂ ਕਰ ਸਕਦਾ, ਪਰ ਹਰ ਸਭਿਆਚਾਰ ਦੇ ਆਪਣੇ ਮਸਲੇ ਹੁੰਦੇ ਹਨ ਤੇ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਦਾ ਸਤਿਕਾਰ ਕਰੀਏ। ਇੱਥੇ ਇਹ ਬਹੁਤ ਜ਼ਰੂਰੀ ਹੈ ਕਿ ਮੇਰੀਆਂ ਸੇਵਾਵਾਂ ਨੂੰ ਗਰਭਪਾਤ ਨਾਲ ਰਲਾ ਕੇ ਨਾ ਦੇਖਿਆ ਜਾਵੇ ਕਿਉਂਕਿ ਮੈਂ ਗਰਭਪਾਤ ਬਾਰੇ ਕੋਈ ਸਲਾਹ ਨਹੀਂ ਦਿੰਦਾ। ਹਾਂ ਜੇ ਤੁਸੀਂ ਮੈਨੂੰ ਗਰਭਪਾਤ ਬਾਰੇ ਪੁੱਛੋਗੇ ਤਾਂ ਇੱਕ ਇਖ਼ਲਾਕੀ ਡਾਕਟਰ ਹੋਣ ਦੇ ਨਾਤੇ ਮੈਂ ਤੁਹਾਨੂੰ ਇੱਕ ਫ਼ੋਨ ਨੰਬਰ ਦੇ ਸਕਦਾ ਹਾਂ, ਤੇ ਉਹ ਮੇਰਾ ਫ਼ਰਜ਼ ਹੈ। ਜੇ ਜ਼ਾਤੀ ਤੌਰ ‘ਤੇ ਪੁੱਛੋ ਤਾਂ ਮੈਂ ਬੱਚਿਆਂ ਦੇ ਲਿੰਗ ਦੀ ‘ਚੋਣ’ ਦੇ ਹੱਕ ਵਿੱਚ ਨਹੀਂ।

ਮਹਿਫ਼ਲ ਵੀਕਲੀ: ਜ਼ਾਤੀ ਤੌਰ ’ਤੇ ਤੁਸੀਂ ਕੀ ਸਮਝਦੇ ਹੋ ਕਿ ਲੋਕ ਤੁਹਾਡੀਆਂ ਅਲਟਰਾਸਾਊਂਡ ਸੇਵਾਵਾਂ ਦਾ ਕਿਤੇ ਗ਼ਲਤ ਇਸਤੇਮਾਲ ਤਾਂ ਨਹੀਂ ਕਰਦੇ?

ਸਟੀਫ਼ਨਜ਼: ਮੈਂ ਹੁਣ ਤੁਹਾਨੂੰ ਇਸ ਸਵਾਲ ਦਾ ਉੱਤਰ ਕਿਵੇਂ ਦੇਵਾਂ? ਮੈਂ ਵੀ ਬਾਕੀ ਡਾਕਟਰਾਂ ਵਾਂਗ ਇੱਕ ਡਾਕਟਰ ਹੀ ਹਾਂ। ਆਪਣੇ ਮਰੀਜ਼ਾਂ ਦੀ ਸੇਵਾ ਮੇਰਾ ਧਰਮ ਹੈ ਤੇ ਮੈਂ ਇੰਨਾ ਹੀ ਕਹਿ ਸਕਦਾ ਹਾਂ ਕਿ ਮੈਂ ਗਰਭਪਾਤ ਨਹੀਂ ਕਰਦਾ ਤੇ ਨਾ ਹੀ ਉਸ ਬਾਰੇ ਸਲਾਹ ਦਿੰਦਾ ਹਾਂ। ਮੈਂ ਗਰਭਪਾਤ ਖ਼ੁਦ ਵੀ ਕਰ ਸਕਦਾ ਹਾਂ, ਪਰ ਮੈਂ ਨਹੀਂ ਕਰਦਾ। ਮੈਂ ਆਪਣੇ ਕੈਰੀਅਰ ਦੇ ਸ਼ੁਰੂਆਤੀ ਦੌਰ ਵਿੱਚ ਇਹ ਵੀ ਕਰਦਾ ਰਿਹਾ ਹਾਂ, ਜਦੋਂ ਲੋਕਾਂ ਨੂੰ ਮੇਰੇ ਕੋਲੋਂ ਅਲਟਰਾਸਾਊਂਡ ਕਰਾਉਣ ਤੋਂ ਬਾਅਦ ਪਤਾ ਚੱਲਦਾ ਸੀ ਕਿ ਉਨ੍ਹਾਂ ਦਾ ਬੱਚਾ ਸਿਹਤਮੰਦ ਨਹੀਂ

ਹੋਵੇਗਾ ਤਾਂ ਉਹ ਗਰਭਪਾਤ ਕਰਾਉਣਾ ਚਾਹੁੰਦੇ ਸਨ। ਹੁਣ ਮੈਂ ਇਹ ਕੰਮ ਬੰਦ ਕਰ ਦਿੱਤਾ ਹੈ। ਮੈਂ ਗਰਭਪਾਤ ਨਹੀਂ ਕਰਦਾ। ਤੇ ਜੇ ਤੁਸੀਂ ਮੈਨੂੰ ਇਹ ਸਵਾਲ ਪੁੱਛੋ ਕਿ ਲੋਕ ਕਿਤੇ ਮੇਰੀਆਂ ਸੇਵਾਵਾਂ ਦਾ ਦੁਰਉਪਯੋਗ ਤਾਂ ਨਹੀਂ ਕਰਦੇ ਤਾਂ ਮੇਰਾ ਜਵਾਬ ਇਹ ਹੋਵੇਗਾ ਕਿ ਉਹ ਜਦੋਂ ਮੇਰੇ ਕੋਲ ਆਉਂਦੇ ਹਨ ਤਾਂ ਉਨ੍ਹਾਂ ਨੂੰ ਪੂਰੀ ਸਮਝ ਹੁੰਦੀ ਹੈ ਕਿ ਉਹ ਕੀ ਜਾਨਣਾ ਚਾਹੁੰਦੇ ਹਨ। ਪਰਿਵਾਰ ਨਿਯੋਜਨ ਦਾ ਹੱਕ ਹਰ ਇੱਕ ਇਨਸਾਨ ਕੋਲ ਹੈ। ਮੇਰਾ ਤੁਹਾਨੂੰ ਸਵਾਲ ਕੇਵਲ ਇੱਕ ਹੈ: ਕੀ ਇਹ ਤਕਨੀਕ ਦਾ ਗ਼ਲਤ ਇਸਤੇਮਾਲ ਹੈ ਜਾਂ ਆਪਣੇ ਪਰਿਵਾਰ ਦਾ ਸਹੀ ਨਿਯੋਜਨ ਕਰਨ ਦਾ ਹੱਕ? ਕੀ ਆਪਣੇ ਪਰਿਵਾਰ ਦੀ ਗਿਣਤੀ ਨੂੰ ਨਿਰਧਾਰਿਤ ਕਰਨਾ ਕਿਸੇ ਤਕਨੀਕ ਦਾ ਦੁਰਉਪਯੋਗ ਹੈ ਜਾਂ ਤੁਹਾਡਾ ਜਾਨਣ ਦਾ ਹੱਕ? ਕੀ ਅਣਚਾਹੇ ਬੱਚੇ ਨਾ ਪੈਦਾ ਕਰਨਾ ਕੋਈ ਅਪਰਾਧ ਹੈ? ਜੇਕਰ ਇਸੇ ਸਵਾਲ ਨੂੰ ਤੁਸੀਂ ਦੂਸਰੇ ਤਰ੍ਹਾਂ ਪੁੱਛੋ ਤਾਂ ਕੀ ਤੁਸੀਂ ਅਜਿਹੇ ਲੋਕਾਂ ਨੂੰ ਨਹੀਂ ਜਾਣਦੇ ਜਿਨ੍ਹਾਂ ਕੋਲ ਲੋੜੋਂ ਵੱਧ ਬੱਚੇ ਹਨ, ਅਣਚਾਹੇ ਬੱਚੇ? ਸਾਰੇ ਸਭਿਆਚਾਰਾਂ ਵਿੱਚ ਆਪੋ ਆਪਣੀਆਂ ਸਭਿਆਚਾਰਕ ਜ਼ਰੂਰਤਾਂ ਹੁੰਦੀਆਂ ਹਨ। ਮੈਂ ਤਾਂ ਇਹੀ ਸੋਚਦਾ ਹਾਂ ਕਿ ਜੋ ਮੈਂ ਕਰਦਾ ਹਾਂ ਉਹ ਕੇਵਲ ਇੱਕ ਸਮਾਜਕ ਭਲਾਈ ਹੈ ਜਿਹੜੀ ਜੋੜਿਆਂ ਨੂੰ ਇਹ ਫ਼ੈਸਲਾ ਕਰਨ ਹੱਕ ਦਿੰਦੀ ਹੈ ਕਿ ਉਨ੍ਹਾਂ ਦਾ ਬੱਚਾ ਲੋੜੀਂਦਾ ਹੋਵੇ ਨਾ ਕਿ ਅਣਲੋੜੀਂਦਾ।

ਮਹਿਫ਼ਲ ਵੀਕਲੀ: ਤੁਸੀਂ ਆਪਣੇ ਆਖ਼ਰੀ ਉੱਤਰ ਵਿੱਚ ਕਿਹਾ ਸੀ ਕਿ ਤੁਸੀਂ ਆਪਣੀਆਂ ਸੇਵਾਵਾਂ ਨਾਲ ਸਮਾਜਕ ਭਲਾਈ ਕਰਦੇ ਹੋ ਕਿਉਂਕਿ ਤੁਸੀਂ ਵਿਆਹੁਤਾ ਜੋੜਿਆਂ ਦੀ ਪਰਿਵਾਰ ਨਿਯੋਜਨ ਵਿੱਚ ਮਦਦ ਕਰਦੇ ਹੋ। ਕੀ ਤੁਸੀਂ ਇਹ ਨਹੀਂ ਸਮਝਦੇ ਕਿ ਤੁਹਾਡੀਆਂ ਸੇਵਾਵਾਂ ਦਾ ਸਭਿਆਚਾਰਕ ਪੱਖੋਂ ਦੁਰਉਪਯੋਗ ਹੋ ਰਿਹਾ ਹੈ?

ਸਟੀਫ਼ਨਜ਼: ਜੇ ਮੈਂ ਕੈਥੋਲਿਕ ਧਰਮ ਤੇ ਪੋਪ ਦਾ ਅਨੁਯਾਈ ਹੁੰਦਾ ਤਾਂ ਮੈਂ ਕਹਿੰਦਾ ਕਿ ਹਰ ਬੱਚੇ ਨੂੰ ਜੰਮਣ ਦਾ ਹੱਕ ਹੈ। ਇਸ ਸੋਚ ਦਾ ਨਤੀਜਾ ਇਹ ਹੋਇਆ ਕਿ 1940 ਵਿੱਚ ਸਾਡੀ ਧਰਤੀ ਦੀ ਵਸੋਂ 2 ਬਿਲੀਅਨ ਸੀ ਤੇ ਹੁਣ ਪੰਜ ਬਿਲੀਅਨ ਹੈ। ਅਸੀਂ ਕੁਝ ਦਹਾਕਿਆਂ ਵਿੱਚ ਹੀ ਆਪਣੀ ਜਣਵਸੋਂ ਦੁੱਗਣੀ ਤੋਂ ਵੱਧ ਕਰ ਲਈ ਹੈ। ਹੁਣ ਕੀ ਜਣਸੰਖਿਆ ਨੂੰ ਕਾਬੂ ਵਿੱਚ ਰੱਖਣ ਇੱਕ ਸਮਾਜਕ ਜ਼ਿੰਮੇਵਾਰੀ ਹੈ?

ਮਹਿਫ਼ਲ ਵੀਕਲੀ: ਇਹ ਤਾਂ ਕੋਈ ਛੁਪੀ ਹੋਈ ਗੱਲ ਨਹੀਂ ਕਿ ਭਾਰਤ ਵਿੱਚ ਹਰ ਰੋਜ਼ ਤਿੰਨ ਹਜ਼ਾਰ ਤੋਂ ਵੱਧ ਭਰੂਣ ਹੱਤਿਆਵਾਂ ਹੁੰਦੀਆਂ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਸਾਡਾ ਸਭਿਆਚਾਰ ਮੁੰਡਿਆਂ ਨੂੰ ਤਰਜ਼ੀਹ ਦਿੰਦਾ ਹੈ। ਕੁੜੀਆਂ ਦੇ ਨਾਮ 'ਤੇ ਪਰਿਵਾਰ ਨਿਯੋਜਨ? ਇਹ ਕਿਹੋ ਜਿਹੀ ਸਮਾਜਕ ਜ਼ਿੰਮੇਵਾਰੀ ਹੋਈ?

ਸਟੀਫ਼ਨਜ਼: ਤੁਹਾਨੂੰ ਲੰਬੀ ਤੇ ਸਾਦੀ ਸੋਚ ਰੱਖਣੀ ਪੈਣੀ ਹੈ। ਤੁਹਾਨੂੰ ਇਹ ਸਮਝਣਾ ਪੈਣਾ ਹੈ ਕਿ ਇੱਕ ਆਮ ਵਿਅਕਤੀ ਅਖ਼ਬਾਰ ਨਵੀਸਾਂ ਤੋਂ ਸਿਆਣਾ ਹੈ, ਡਾਕਟਰਾਂ ਤੋਂ ਸਿਆਣਾ ਹੈ, ਸਮਾਜ ਸ਼ਾਸਤਰੀਆਂ ਤੋਂ ਸਿਆਣਾ ਹੈ। ਉਸ ਨੂੰ ਇਹ ਸਮਝ ਹੈ ਕਿ ਜੇ ਲੜਕੀਆਂ ਹੀ ਨਹੀਂ ਹੋਣਗੀਆਂ ਤਾਂ ਵੰਸ਼ ਕਿਵੇਂ ਚੱਲਣਗੇ। ਲੋਕਾਂ ਨੂੰ ਇਹ ਪਤਾ ਹੈ ਕਿ ਕੇਵਲ ਮੁੰਡੇ ਪੈਦਾ ਕਰਨ ਨਾਲ ਗੱਲ ਨਹੀਂ ਬਣਨ ਵਾਲੀ ਕਿਉਂਕਿ ਔਰਤ ਜਣਨੀ ਹੈ, ਇਸ ਧਰਤੀ ਦੀ ਜਣਨੀ।

ਮਹਿਫ਼ਲ ਵੀਕਲੀ: ਤੁਹਾਡਾ ਭਾਰਤੀ ਭਾਈਚਾਰੇ ਵਿੱਚ ਦੋਹਰਾ ਕਿਰਦਾਰ ਰਿਹਾ ਹੈ। ਕੀ ਤੁਹਾਨੂੰ ਇਸ ਤੱਥ ਦਾ ਮਜ਼ਾ ਆਉਂਦਾ ਹੈ ਕਿ ਕੁਝ ਲੋਕ ਤੁਹਾਨੂੰ ਪਸੰਦ ਕਰਦੇ ਹਨ ਤੇ ਕੁਝ ਨਫ਼ਰਤ?

ਸਟੀਫ਼ਨਜ਼: ਮੈਨੂੰ ਕੌਣ ਨਫ਼ਰਤ ਕਰਦਾ ਹੈ? ਉਹ ਮਰੀਜ਼ ਜੋ ਮੇਰੇ ਕੋਲ ਆਜ਼ਾਦੀ ਨਾਲ ਆ ਸਕਦੇ ਹਨ? ਜਿੱਥੇ ਸਹੀ ਸੇਵਾ ਮਿਲਦੀ ਹੈ ਉੱਥੇ ਕੀਮਤ ਤਾਂ ਚੁਕਾਉਣੀ ਹੀ ਪੈਂਦੀ ਹੈ। ਮੇਰੇ ਕੋਲ ਆਉਣ 'ਤੇ ਤੁਹਾਨੂੰ ਸੌ ਪ੍ਰਤੀਸ਼ਤ ਸਹੀ ਜਾਣਕਾਰੀ ਮਿਲਦੀ ਹੈ। ਮੈਂ ਤੁਹਾਨੂੰ ਡਾਕਟਰੀ ਸਲਾਹ ਵੀ ਦਿੰਦਾ ਹਾਂ। ਮੇਰੇ ਕੋਲ ਹਜ਼ਾਰਾਂ ਅਜਿਹੇ ਡਾਕਟਰ ਹਨ ਜਿਹੜੇ ਆਪਣੇ ਮਰੀਜ਼ਾਂ ਨੂੰ ਮੇਰੇ ਕੋਲ ਭੇਜਦੇ ਹਨ। ਮੈਨੂੰ ਕੌਣ ਪਸੰਦ ਨਹੀਂ ਕਰਦਾ? ਜਿਹੜੇ ਲੋਕ ਮੈਨੂੰ ਦੋਹਰੇ ਕਿਰਦਾਰ ਵਾਲਾ ਕਹਿੰਦੇ ਹਨ ਮੇਰੀ ਰਾਏ ਵਿੱਚ ਉਹ ਕਿਸੇ ਨਾ ਕਿਸੇ ਕਿਸਮ ਦੀ ਸਿਆਸਤ ਤੋਂ ਗ੍ਰਸਤ ਹਨ।

ਮਹਿਫ਼ਲ ਵੀਕਲੀ: ਤੁਸੀਂ ਕਿੰਨੇ ਪੈਸੇ ਲੈਂਦੇ ਹੋ?

ਸਟੀਫ਼ਨਜ਼: ਸਭ ਨੂੰ ਬਾਖ਼ੂਬੀ ਪਤਾ ਹੈ ਕਿ ਮੈਂ 1100 ਡਾਲਰ ਲੈਂਦਾ ਹਾਂ।

ਮਹਿਫ਼ਲ ਵੀਕਲੀ: ਮੈਨੂੰ ਇਹ ਸਮਝ ਹੈ ਕਿ ਤੁਸੀਂ ਇਸ ਨੂੰ ਨਸਲ ਦਾ ਮਸਲਾ ਨਹੀਂ ਬਣਾਉਣਾ ਚਾਹੁੰਦੇ, ਪਰ ਕੀ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੇ ਮਰੀਜ਼ਾਂ ਵਿੱਚੋਂ ਕਿੰਨੇ ਪ੍ਰਤੀਸ਼ਤ ਭਾਰਤੀ ਮੂਲ ਦੇ ਹਨ?

ਸਟੀਫ਼ਨਜ਼: ਮੇਰੇ ਹਿਸਾਬ ਨਾਲ ਤੁਹਾਡਾ ਸਵਾਲ ਹੀ ਬੇਤੁਕਾ ਹੈ।

ਮਹਿਫ਼ਲ ਵੀਕਲੀ: ਤੁਸੀਂ ਇੱਕ ਬਾਹਰੀ ਇਨਸਾਨ ਹੋਣ ਕਾਰਨ ਸਾਨੂੰ ਸਾਡੇ ਭਾਈਚਾਰੇ ਬਾਰੇ ਥੋੜ੍ਹੀ ਜਾਣਕਾਰੀ ਦੇ ਸਕਦੇ ਹੋ, ਤੁਹਾਡੇ ਨਜ਼ਰੀਏ ਵਿੱਚ ਕੀ ਲੜਕੀਆਂ ਦੀ ਭਰੂਣ ਹੱਤਿਆ ਸਾਡੇ ਭਾਈਚਾਰੇ ਲਈ ਇੱਕ ਸਮੱਸਿਆ ਹੈ ਜਾਂ ਨਹੀਂ?

ਸਟੀਫ਼ਨਜ਼: ਦੇਖੋ ਮੈਂ ਇੰਨਾ ਹੀ ਕਹਿ ਸਕਦਾ ਹਾਂ ਕਿ ਔਰਤਾਂ, ਮਰਦ ਤੇ ਡਾਕਟਰ - ਭਾਰਤੀ ਜਾਂ ਗ਼ੈਰਭਾਰਤੀ - ਮੈਨੂੰ ਇਹ ਦੱਸਦੇ ਹਨ ਕਿ ਮੇਰੀਆਂ ਸੇਵਾਵਾਂ ਜ਼ਰੂਰੀ ਹਨ। ਇਸ ਤੋਂ ਵੱਧ ਮੈਨੂੰ ਕਿਹੜਾ ਸਰਟੀਫ਼ਿਕੇਟ ਚਾਹੀਦਾ ਹੈ? ਕਈ ਡਾਕਟਰ ਤਾਂ ਸ਼ਰੇਆਮ ਮੇਰੀਆਂ ਸੇਵਾਵਾਂ ਲਈ ਸ਼ੁਕਰੀਆ ਕਰਨ ਸਾਹਮਣੇ ਆਏ ਹਨ। ਇੱਕ ਡਾਕਟਰ ਸਥਾਨਕ ਰੇਡੀਓ ਸਟੇਸ਼ਨ, ਸੀ.ਕੇ.ਐਲ.ਜੀ., ਦੇ ਇੱਕ ਪ੍ਰੋਗਰਾਮ ਅੰਡਰ ਅਪੀਲ 'ਤੇ ਆਇਆ ਤੇ ਉਸ ਨੇ ਜਨਤਕ ਤੌਰ 'ਤੇ ਕਿਹਾ ਕਿ ਮੈਂ ਇੱਕ ਇੰਡੋ-ਕੈਨੇਡੀਅਨ ਡਾਕਟਰ ਹਾਂ ਅਤੇ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਲੋਕ ਇਹ ਕਿਉਂ ਮੰਨ ਕੇ ਚੱਲ ਰਹੇ ਹਨ ਕਿ ਭਾਰਤੀ ਔਰਤਾਂ ਨੂੰ ਆਪਣੇ ਬੱਚਿਆਂ ਦੀ ਭਲਾਈ ਬਾਰੇ ਸਮਝ ਨਹੀਂ? ਉਸ ਨੇ ਇਹ ਵੀ ਕਿਹਾ ਕਿ ਲੋਕ ਤਕਨੀਕ ਦਾ ਦੁਰਉਪਯੋਗ ਨਹੀਂ ਕਰਦੇ। ਫ਼ਿਰ ਮੈਨੂੰ ਹੋਰ ਸਰਟੀਫ਼ਿਕੇਟਾਂ ਦੀ ਕੀ ਲੋੜ ਹੈ? ਤੇ ਇਹ ਤੱਥ ਕਿ ਮੈਂ ਮਈ 1990 ਤੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹਾਂ, ਅਤੇ ਮੈਨੂੰ ਖ਼ਤਮ ਕਰਨ ਦੀਆਂ ਬਹੁਤ ਕੋਸ਼ਿਸ਼ਾਂ ਹੋ ਚੁੱਕੀਆਂ ਹਨ, ਵੀ ਤੁਹਾਨੂੰ ਮੇਰੇ ਬਾਰੇ ਕੁਝ ਨਾ ਕੁਝ ਜ਼ਰੂਰ ਦੱਸ ਸੱਕਦਾ ਹੈ। ਮੈਂ ਹਾਲੇ ਵੀ ਇਸ ਸ਼ਹਿਰ ਵਿੱਚ ਮਹੀਨੇ ਵਿੱਚ ਦੋ ਵਾਰ ਜ਼ਰੂਰ ਆਉਂਦਾ ਹਾਂ ਤੇ ਮੈਨੂੰ ਲੱਗਦਾ ਹੈ ਕਿ ਮੈਂ ਇਸੇ ਤਰ੍ਹਾਂ ਹੀ ਆਉਂਦਾ ਰਹਾਂਗਾ।